# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :26-04-2026**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਕਾਸ਼ਵਾਣੀ 'ਤੇ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹੈ ਕਿ ਸੂਰਜੀ ਤੇ ਪੌਣ ਊਰਜਾ ਭਾਰਤ ਦੇ ਵਿਕਾਸ ਲਈ ਜ਼ਰੂਰੀ ਨੇ.
- ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਕੁਝ ਖੇਤਰਾਂ ਵਿੱਚ ਮੌਸਮ ਨਾਲ ਸਬੰਧਤ ਚੁਣੌਤੀਆਂ ਦੇ ਬਾਵਜੂਦ, ਦੇਸ਼ ਵਿੱਚ ਕਣਕ ਦਾ ਉਤਪਾਦਨ ਢੁੱਕਵਾਂ ਬਣਿਆ ਹੋਇਆ ਏ।
- ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦਾ ਤਿੰਨ ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ ਅੱਜ ਚੰਡੀਗੜ੍ਹ ਵਿੱਚ ਸਮਾਪਤ ਹੋਇਆ.
- ਦੁਨੀਆ ਦੇ 100 ਸਭ ਤੋਂ ਗਰਮ ਸ਼ਹਿਰਾਂ ਵਿੱਚੋਂ 95 ਭਾਰਤ ਵਿਚ.
- ਭਾਰਤੀ ਮੌਸਮ ਵਿਭਾਗ ਨੇ ਕਲ੍ਹ ਤਕ ਪੰਜਾਬ, ਹਰਿਆਣਾ, ਤੇ ਚੰਡੀਗੜ੍ਹ, ਵਿੱਚ ਲੂ ਚਲਣ ਦੀ ਪੇਸ਼ੀਨਗੋਈ ਕੀਤੀ ਏ .

- IPL ਕ੍ਰਿਕੇਟ’ਚ ਅੱਜ ਸ਼ਾਮੀਂ ਸਾਢੇ 7 ਵਜੇ ਕੋਲਕਾਤਾ ਨਾਈਟ ਰਾਈਡਰਜ਼ ਦਾ ਮੁਕਾਬਲਾ ਲਖਨਊ ਸੁਪਰ ਜਾਇੰਟਸ ਨਾਲ ਹੋਵੇਗਾ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਤਾਮਿਲਨਾਡੂ ਦੇ ਕਲਪਕਮ ਵਿੱਚ ਫਾਸਟ ਬ੍ਰੀਡਰ ਰਿਐਕਟਰ ਨੂੰ ਸਫਲਤਾ ਨਾਲ ਚਾਲੂ ਕਰਨ ਲਈ ਦੇਸ਼ ਦੇ ਪ੍ਰਮਾਣੂ ਵਿਗਿਆਨੀਆਂ ਦੀ ਸ਼ਲਾਘਾ ਕੀਤੀ ਏ। ਅੱਜ ਆਕਾਸ਼ਵਾਣੀ  'ਤੇ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿੱਚ, ਪ੍ਰਧਾਨ ਮੰਤਰੀ ਨੇ ਕਿਹਾ ਕਿ ਪ੍ਰਮਾਣੂ ਊਰਜਾ ਯਾਤਰਾ ਵਿੱਚ ਇਸ ਇਤਿਹਾਸਕ ਪ੍ਰਾਪਤੀ ਨੇ ਭਾਰਤ ਨੂੰ ਮਾਣ ਦਿਵਾਇਆ ਏ। ਉਨ੍ਹਾਂ ਕਿਹਾ ਕਿ ਨਾਗਰਿਕ ਪ੍ਰਮਾਣੂ ਪ੍ਰੋਗਰਾਮ, ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਿਹਾ ਏ. ਸ਼੍ਰੀ ਮੋਦੀ ਨੇ ਕਿਹਾ ਕਿ ਭਾਰਤ ਦੇ ਵਿਕਾਸ ਲਈ ਸੂਰਜੀ ਅਤੇ ਪੌਣ ਊਰਜਾ ਜ਼ਰੂਰੀ ਨੇ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰ ਰਹੀਆਂ ਨੇ - byte –

ਪ੍ਰਧਾਨ ਮੰਤਰੀ ਮੋਦੀ ਨੇ ਮੌਜੂਦਾ ਮਰਦਮਸ਼ੁਮਾਰੀ ਮੁਹਿੰਮ ਨੂੰ ਦੁਨੀਆ ਦੀ ਸਭ ਤੋਂ ਵੱਡੀ ਮਰਦਮਸ਼ੁਮਾਰੀ ਮੁਹਿੰਮ ਦੱਸਿਆ। ਉਨ੍ਹਾਂ ਨੇ ਇਸ ਮੁਹਿੰਮ ਵਿੱਚ ਪੂਰੀ ਜਨਤਾ ਦੀ ਹਿੱਸੇਦਾਰੀ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਮਰਦਮਸ਼ੁਮਾਰੀ ਲਈ ਸਾਰੀ ਜਾਣਕਾਰੀ ਡਿਜੀਟਲ ਰੂਪ ਵਿੱਚ ਦਰਜ ਕੀਤੀ ਜਾ ਰਹੀ ਏ – byte –

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਸਾਲ ਬੁੱਧ ਪੂਰਨਿਮਾ ਪਹਿਲੀ ਮਈ ਨੂੰ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਮਨੁੱਖਤਾ ਦੀ ਭਲਾਈ ਲਈ ਹਮੇਸ਼ਾ ਪ੍ਰਸੰਗਿਕ ਰਹਿਣਗੀਆਂ। ਪ੍ਰਧਾਨ ਮੰਤਰੀ ਨੇ ਇਹ ਵੀ ਕਿਹਾ ਕਿ ਬੀਟਿੰਗ ਰੀਟਰੀਟ ਗਣਤੰਤਰ ਦਿਵਸ ਦੇ ਜਸ਼ਨਾਂ ਦਾ ਇੱਕ ਮਹੱਤਵਪੂਰਨ ਹਿੱਸਾ ਏ -

byte –

ਸ਼੍ਰੀ ਮੋਦੀ ਨੇ ਬੱਚਿਆਂ ਨੂੰ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਦਾ ਆਨੰਦ ਲੈਣ ਅਤੇ ਕੁਝ ਨਵਾਂ ਸਿੱਖਣ ਲਈ ਵੀ ਕਿਹਾ.

---------------------------------------------------

ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਕੁਝ ਖੇਤਰਾਂ ਵਿੱਚ ਮੌਸਮ ਨਾਲ ਸਬੰਧਤ ਚੁਣੌਤੀਆਂ ਦੇ ਬਾਵਜੂਦ, ਦੇਸ਼ ਵਿੱਚ ਕਣਕ ਦਾ ਉਤਪਾਦਨ ਸਥਿਰ ਏ. ਸਾਲ 2025-26 ਲਈ ਕਣਕ ਦੇ ਉਤਪਾਦਨ ਬਾਰੇ ਮੀਡੀਆ ਖਬਰਾਂ ਦੇ ਜੁਆਬ ਵਿਚ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਨੇ ਕਿਹਾ ਕਿ ਇਹ ਫਸਲ 3 ਕਰੋੜ 34 ਲਖ ਹੈਕਟੇਅਰ ਤੋਂ ਵੱਧ ਰਕਬੇ ਵਿੱਚ ਬੀਜੀ ਗਈ ਸੀ । ਮੰਤਰਾਲੇ ਨੇ ਇਹ ਵੀ ਕਿਹਾ ਕਿ ਵਧੇਰੇ ਆਧੁਨਿਕ, ਜਲਵਾਯੂ-ਪ੍ਰਤੀ ਲਚਕੀਲੀ ਅਤੇ ਬੀਮਾਰੀ-ਰੋਧਕ ਕਣਕ ਦੀਆਂ ਕਿਸਮਾਂ ਨੂੰ ਅਪਣਾਉਣ ਨਾਲ ਫਸਲ ਦੀ ਪੈਦਾਵਾਰ ਸਮਰੱਥਾ ਮਜ਼ਬੂਤ ਹੋਈ ਏ ।

-----------------------------------------------------------

ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦਾ ਤਿੰਨ ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ ਅੱਜ ਚੰਡੀਗੜ੍ਹ ਵਿੱਚ ਸਮਾਪਤ ਹੋਇਆ. ਇਸ ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੇ "ਅੰਤਯੋਦਿਆ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤਿਬਿੰਬ – ਵਿਕਸਿਤ ਭਾਰਤ @ 2047" ਵਿਸ਼ੇ ਮੁਤਾਬਿਕ ਸਮਾਜਿਕ ਨਿਆਂ

ਯੋਜਨਾਵਾਂ ਦੀ ਡਿਲੀਵਰੀ ਨੂੰ ਮਜ਼ਬੂਤ ਕਰਨ ਲਈ ਸਮਾਂ-ਸੀਮਾਬੱਧ, ਕਾਰਵਾਈਯੋਗ ਸਿਫ਼ਾਰਸ਼ਾਂ 'ਤੇ ਸਹਿਮਤੀ ਜਤਾਈ। 24 ਤੋਂ 26 ਅਪ੍ਰੈਲ ਤੱਕ ਤਿੰਨ ਦਿਨਾਂ ਦੇ ਸ਼ਿਵਿਰ ਦੀ ਸ਼ੁਰੂਆਤ ਦ੍ਰਿਸ਼ਟੀਕੋਣ, ਮਾਣ ਅਤੇ ਪਹੁੰਚਯੋਗਤਾ 'ਤੇ ਧਿਆਨ ਕੇਂਦਰਿਤ ਕਰਨ ਨਾਲ ਹੋਈ ਅਤੇ ਦੂਜੇ ਅਤੇ ਤੀਜੇ ਦਿਨ ਵਿਸ਼ੇ ਅਧਾਰਿਤਵਿਚਾਰ-ਵਟਾਂਦਰੇ ਹੋਏ. ਸਮਾਪਤੀ ਸੈਸ਼ਨ ਵਿੱਚ ਸ਼ਿਵਿਰ ਦੇ ਨਤੀਜਿਆਂ ਨੂੰ ਇੱਕ ਅਗਾਂਹਵਧੂ ਖਾਕੇ ਵਿੱਚ ਜੋੜਿਆ ਗਿਆ। ਕੇਂਦਰੀ ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰੀ ਡਾ. ਵੀਰੇਂਦਰ ਕੁਮਾਰ ਨੇ ਆਪਣੀ ਸਮਾਪਤੀ ਟਿੱਪਣੀ ਵਿੱਚ ਕਿਹਾ ਕਿ ਤਿੰਨ ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ ਨੇ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇੱਕ ਗੰਭੀਰ ਅਤੇ ਨਤੀਜਾ-ਮੁਖੀ ਮੰਚ ਪ੍ਰਦਾਨ ਕੀਤਾ ਏ ਤਾਂ ਜੋ ਉਹ ਸਮੂਹਿਕ ਤੌਰ 'ਤੇ ਇਸ ਗੱਲ 'ਤੇ ਵਿਚਾਰ ਕਰ ਸਕਣ ਕਿ ਸਮਾਜਿਕ ਨਿਆਂ ਦੀ ਸਪੁਰਦਗੀ ਨੂੰ ਕਿਵੇਂ ਵਧੇਰੇ ਪਹੁੰਚਯੋਗ, ਜਵਾਬਦੇਹ ਅਤੇ ਲਾਗੂਕਰਨ-ਅਧਾਰਿਤ ਬਣਾਇਆ ਜਾ ਸਕਦਾ ਏ। ਉਨ੍ਹਾਂ ਕਿਹਾ ਕਿ ਵਿਚਾਰ-ਵਟਾਂਦਰਾ "ਅੰਤਯੋਦਿਆ ਕਾ ਸੰਕਲਪ, ਅੰਮ੍ਰਿਤ ਕਾਲ ਕਾ ਪ੍ਰਤਿਬਿੰਬ –

ਵਿਕਸਿਤ ਭਾਰਤ@2047" ਦੇ ਵੱਡੇ ਰਾਸ਼ਟਰੀ ਸੰਕਲਪ ਵਿੱਚ ਕੇਂਦਰਿਤ ਸੀ ਅਤੇ ਕਿਹਾ ਕਿ ਸਮਾਜਿਕ ਨਿਆਂ, ਹਰੇਕ ਵਿਅਕਤੀ ਲਈ ਮਾਣ, ਪਹੁੰਚਯੋਗਤਾ ਅਤੇ ਨਿਰੰਤਰਤਾ ਵਾਲਾ ਹੋਣਾ ਚਾਹੀਦਾ ਏ.

--------------------------------------------------------

'ਗੈਂਗਸਟਰਾਂ ਤੇ ਵਾਰ' ਮੁਹਿੰਮ ਦੇ 96ਵੇਂ ਵੇ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 557 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। 96ਵੇਂ ਵੇ ਦਿਨ, ਪੁਲਿਸ ਟੀਮਾਂ ਨੇ ਸੱਤ ਹਥਿਆਰਾਂ ਸਮੇਤ 291 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 24 ਹਜ਼ਾਰ 280 ਹੋ ਗਈਆਂ ਨੇ । ਇਸ ਤੋਂ ਇਲਾਵਾ 93 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ, ਜਦੋਂ ਕਿ 76 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 8 ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫਤਾਰ ਕੀਤਾ ਏ । ਲੋਕ

ਐਂਟੀ ਗੈਂਗਸਟਰ ਹੈਲਪਲਾਈਨ 93-946-93-946 ਰਾਹੀਂ ਗੁਪਤ ਰੂਪ ਵਿਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਨੇ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਸਾਂਝੀ ਕਰ ਸਕਦੇ ਨੇ.

-------------------------------------------------------

ਭਾਰਤੀ ਜਨਤਾ ਪਾਰਟੀ ਦੇ ਅਨੁਸੂਚਿਤ ਜਾਤੀ ਮੋਰਚਾ ਦੇ ਉਪ ਪ੍ਰਧਾਨ ਪਰਮਜੀਤ ਸਿੰਘ ਕੈਂਥ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਮਾਲੀ ਸਾਲ 2025–26 ਲਈ 75 ਲੱਖ ਤੋਂ ਵੱਧ ਅਨੁਸੂਚਿਤ ਜਾਤੀ (ਐਸਸੀ) ਲਾਭਪਾਤਰੀਆਂ ਦੀ ਭਲਾਈ ਲਈ 7 ਹਜ਼ਾਰ 981.47 ਕਰੋੜ ਜਾਰੀ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਇਹ fund ਸਮਾਵੇਸ਼ੀ ਵਿਕਾਸ ਅਤੇ ਸਮਾਜਿਕ ਨਿਆਂ ਵੱਲ ਇੱਕ ਯੋਜਨਾਬੱਧ ਅਤੇ ਨਤੀਜਾ-ਕੇਂਦ੍ਰਿਤ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਏ। ਉਨ੍ਹਾਂ ਕਿਹਾ ਇਹ ਸਿਰਫ ਖਰਚ ਨਹੀਂ, ਸਗੋਂ ਇਤਿਹਾਸਕ ਤੌਰ ‘ਤੇ ਪਿੱਛੜੇ ਵਰਗਾਂ ਦੇ ਮਨੁੱਖੀ ਪੂੰਜੀ ਵਿੱਚ ਇੱਕ ਢਾਂਚਾਗਤ ਨਿਵੇਸ਼ ਏ। ਕੈਂਥ ਨੇ ਦੱਸਿਆ ਕਿ ਇਹ ਰਕਮ ਸਮਾਜਿਕ ਨਿਆਂ ਅਤੇ

ਅਧਿਕਾਰਤਾ ਵਿਭਾਗ ਦੀਆਂ ਵੱਖ-ਵੱਖ ਯੋਜਨਾਵਾਂ ਰਾਹੀਂ ਵੰਡੀਆਂ ਗਈਆਂ ਨੇ, ਜੋ ਸਿੱਖਿਆ ਅਤੇ ਸਮਾਜਿਕ-ਆਰਥਿਕ ਤਰੱਕੀ ‘ਤੇ ਕੇਂਦ੍ਰਿਤ ਨੇ.

---------------------------------------------------------------

ਮੋਹਾਲੀ ‘ਚ ਡੇਰਾਬੱਸੀ ਅਤੇ ਲਾਲੜੂ ਵਿਖੇ ਸਵੈ ਸਹਾਇਤਾ ਸਮੂਹਾਂ ਦੀਆਂ ਔਰਤਾਂ ਵੱਲੋਂ ਸਟਾਲਾਂ ਲਾਈਆਂ ਗਈਆਂ ਜਿਸ ਚ 60 ਔਰਤ ਸਵੈ ਸਹਾਇਤਾ ਸਮੂਹਾਂ ਦੀਆਂ ਕਰੀਬ 500 ਔਰਤਾਂ ਸ਼ਾਮਿਲ ਸਨ. ਇਹਨਾਂ ਨੇ 'ਦੀਨਦਿਆਲ ਅੰਤੋਦਿਆ ਯੋਜਨਾ-ਰਾਸ਼ਟਰੀ ਗ੍ਰਾਮੀਣ ਆਜੀਵੀਕਾ ਮਿਸ਼ਨ ਅਧੀਨ ਚਲਾਈਆਂ ਗਈਆਂ 'ਲਖਪਤੀ ਦੀਦੀ' ਅਤੇ 'ਡ੍ਰੋਨ ਦੀਦੀ ਵਰਗੀਆਂ ਵੱਖ-ਵੱਖ ਸਕੀਮਾਂ ਰਾਹੀਂ ਸ਼ਾਨਦਾਰ ਸਫ਼ਲਤਾ ਹਾਸਲ ਕੀਤੀ ਏ । ਜ਼ਿਕਰਯੋਗ ਏ ਕਿ ਇਹ ਮਿਸ਼ਨ ਦੇਸ਼ ਦੇ ਗ਼ਰੀਬ ਦਿਹਾਤੀ ਪਰਿਵਾਰਾਂ ਦੇ ਜੀਵਨ ਪੱਧਰ ਅਤੇ ਉਪਜੀਵਿਕਾ ਦੇ ਸਾਧਨਾਂ ਵਿੱਚ ਸੁਧਾਰ ਲਿਆਉਣ ਲਈ ਕੇਂਦਰ ਸਰਕਾਰ ਵਲੋਂ ਹਮਾਇਤ ਪ੍ਰਾਪਤ ਇੱਕ ਅਹਿਮ ਯੋਜਨਾ ਏ । ਇਨ੍ਹਾਂ ਸਵੈ ਸਹਾਇਤਾ ਸਮੂਹਾਂ ਵਲੋਂ ਲਾਏ ਸਟਾਲਾਂ ਵਿੱਚ ਫੁਲਕਾਰੀ ਸੂਟ, ਪੰਜਾਬੀ

ਜੁੱਤੀਆਂ, ਸ਼ਹਿਦ, ਅਚਾਰ, ਸਕੁਐਸ਼, ਤੇਲ, ਮਸਾਲੇ, ਪਾਪੜ, ਸਾਬਣ ਅਤੇ ਮੋਮਬੱਤੀਆਂ ਆਦਿ ਦੇ ਸਟਾਲ ਸ਼ਾਮਿਲ ਨੇ. ਉਸ ਮੌਕੇ ਉਚੇਚੇ ਤੌਰ ਤੇ ਪੁੱਜੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਨੇ ਸਟਾਲਾਂ ਦਾ ਦੌਰਾ ਕੀਤਾ ਅਤੇ ਇਹਨਾਂ ਔਰਤਾਂ ਨੂੰ ਸਨਮਾਨਿਤ ਕੀਤਾ ਤੇ ਉਹਨਾਂ ਦੇ ਉਦਮ ਦੀ ਸ਼ਲਾਘਾ ਵੀ ਕੀਤੀ।

---------------------------------------------------------------

ਰੋਟਰੀ ਕਲੱਬ ਕੋਟਕਪੂਰਾ ਵੱਲੋਂ ਸਿਵਲ ਹਸਪਤਾਲ ਕੋਟਕਪੂਰਾ ਦੇ ਸਹਿਯੋਗ ਨਾਲ ਗਠੀਆ ਸਬੰਧੀ ਜਾਗਰੂਕਤਾ ਲਈ ਪੈਦਲ ਮੈਰਾਥਨ ਕਰਾਈ ਗਈ ਜਿਸ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ । ਇਸ ਮੌਕੇ ਸਪੀਕਰ ਸੰਧਵਾਂ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਗਠੀਆ ਵਰਗੀ ਬੀਮਾਰੀ ਆਮ ਵੇਖਣ ਨੂੰ ਮਿਲ ਰਹੀ ਏ । ਉਨ੍ਹਾਂ ਕਿਹਾ ਕਿ ਵੱਡਿਆਂ ਦੇ ਨਾਲ ਨਾਲ ਬੱਚਿਆਂ ਵਿੱਚ ਵੀ ਇਹ ਬੀਮਾਰੀ ਪਨਪ ਰਹੀ ਏ ਕਿਉਂਕਿ ਉਹ ਜ਼ਿਆਦਾ ਸਮੇਂ ਤੱਕ ਏ.ਸੀ. ਵਿੱਚ ਰਹਿੰਦੇ ਨੇ, ਅਤੇ ਕਸਰਤ ਨਹੀਂ ਕਰਦੇ। ਉਨ੍ਹਾਂ ਅੱਜ ਦੇ ਮੈਰਾਥਨ ਲਈ ਆਯੋਜਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ

ਅਜਿਹੀ ਉਪਰਾਲੇ ਕੀਤੇ ਜਾਂਦੇ ਰਹਿਣੇ ਚਾਹੀਦੇ ਨੇ ਕਿਉਂਕਿ ਪੈਦਲ ਚੱਲਣਾ ਬਹੁਤ ਲਾਹੇਵੰਦ ਏ। ਉਨ੍ਹਾਂ ਕਿਹਾ ਕਿ ਸਵੇਰ ਦੀ ਸੈਰ ਨੂੰ ਉਤਸ਼ਾਹਿਤ ਕਰਨ ਲਈ ਇਹ ਮੈਰਾਥਨ ਕਰਾਈ ਗਈ ਏ.

-----------------------------------------------------------------

ਭਾਰਤ ਇਸ ਸਮੇਂ ਕਈ ਖੇਤਰਾਂ ਵਿੱਚ ਗੰਭੀਰ ਗਰਮੀ ਦਾ ਸਾਹਮਣਾ ਕਰ ਰਿਹਾ ਏ. ਦੁਨੀਆ ਦੇ 100 ਸਭ ਤੋਂ ਗਰਮ ਸ਼ਹਿਰਾਂ ਵਿੱਚੋਂ 95 ਭਾਰਤ ਵਿਚ ਨੇ, ਜਿਸ ਨਾਲ ਵਧਦੇ ਤਾਪਮਾਨ ਦੇ ਪ੍ਰਭਾਵ ਬਾਰੇ ਚਿੰਤਾਵਾਂ ਵਧ ਰਹੀਆਂ ਨੇ. ਤਾਪਮਾਨ ਦੇ ਆਲਮੀ ਰੁਝਾਨਾਂ ਦੇ ਅੰਕੜਿਆਂ ਮੁਤਾਬਿਕ, ਸ਼ਹਿਰੀ ਅਤੇ ਦਿਹਾਤੀ, ਦੋਵਾਂ ਖੇਤਰਾਂ ਵਿੱਚ, ਭਾਰਤ ਰਿਕਾਰਡ ਤੋੜ ਗਰਮੀ ਦਾ ਅਨੁਭਵ ਕਰ ਰਿਹਾ ਏ, ਜਿਸ ਨਾਲ ਇਹ ਗਰਮੀ ਦੀ ਆਲਮੀ ਲਹਿਰ ਦਾ ਕੇਂਦਰ ਬਣ ਗਿਆ ਏ। ਕਈ ਖੇਤਰਾਂ ਵਿੱਚ ਤਾਪਮਾਨ 40 ਡਿਗਰੀ ਸੈਲਸੀਅਸ ਨੂੰ ਪਾਰ ਕਰ ਗਿਆ ਏ, ਕੁਝ ਸਥਾਨ 45 ਡਿਗਰੀ ਸੈਲਸੀਅਸ ਦੇ ਨੇੜੇ ਪਹੁੰਚ ਗਏ ਨੇ. ਵਧਦੇ ਤਾਪਮਾਨ ਦੇ ਵਿਚਕਾਰ, ਭਾਰਤ ਮੌਸਮ ਵਿਭਾਗ (IMD) ਨੇ ਸਲਾਹ ਜਾਰੀ ਕੀਤੀ ਏ ਜਿਸ ਵਿੱਚ ਲੋਕਾਂ ਨੂੰ ਗਰਮੀ ਨਾਲ ਸਬੰਧਤ ਬੀਮਾਰਿਆਂ

ਤੋਂ ਬਚਣ ਲਈ ਸਾਵਧਾਨੀ ਵਰਤਣ ਦੀ ਅਪੀਲ ਕੀਤੀ ਗਈ ਏ। ਵਧੇ ਹੋਏ ਗਰਮ ਦਿਨਾਂ ਦੇ ਨਤੀਜੇ ਵਜੋਂ ਕਈ ਤਰ੍ਹਾਂ ਦੇ ਪ੍ਰਭਾਵ ਪੈ ਸਕਦੇ ਨੇ, ਜਿਸ ਵਿੱਚ ਹੀਟਸਟ੍ਰੋਕ, ਬਿਜਲੀ ਦੀ ਜ਼ਿਆਦਾ ਖਪਤ ਅਤੇ ਪਾਣੀ ਦੀ ਕਮੀ ਵਰਗੇ ਸਿਹਤ ਮੁੱਦਿਆਂ ਦਾ ਵਧਿਆ ਹੋਇਆ ਜੋਖਮ ਸ਼ਾਮਲ ਏ।

-----------------------------------------------------

ਇਸ ਦੌਰਾਨ ਭਾਰਤੀ ਮੌਸਮ ਵਿਭਾਗ (IMD) ਨੇ ਅਗਲੇ ਤਿੰਨ ਦਿਨਾਂ ਦੌਰਾਨ ਦੇਸ਼ ਦੇ ਉੱਤਰ-ਪੱਛਮੀ ਅਤੇ ਕੇਂਦਰੀ ਹਿੱਸਿਆਂ ਵਿੱਚ ਲੂ ਚਲਣ ਦੀ ਸਥਿਤੀ ਦੀ ਪੇਸ਼ੀਨਗੋਈ ਕੀਤੀ ਏ ਅਤੇ ਕਿਹੈ ਕਿ ਉਸ ਤੋਂ ਬਾਅਦ ਇਸ ਵਿੱਚ ਕਮੀ ਆਵੇਗੀ। ਵਿਭਾਗ ਮੁਤਾਬਿਕ, ਪੰਜਾਬ, ਹਰਿਆਣਾ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਲੱਦਾਖ, ਉੱਤਰ ਪ੍ਰਦੇਸ਼ ਅਤੇ ਦਿੱਲੀ ਵਿੱਚ ਕੱਲ੍ਹ ਤੱਕ ਲੂ ਦੀ ਸਥਿਤੀ ਰਹੇਗੀ।

-----------------------------------------------------

IPL ਕ੍ਰਿਕੇਟ ਵਿਚ ਅੱਜ ਗੁਜਰਾਤ ਟਾਈਟਨਜ਼ ਅਤੇ ਚੇਨਈ ਸੁਪਰ ਕਿੰਗਜ਼ ਵਿਚਕਾਰ ਚੇਨਈ ਵਿਖੇ ਖੇਡੇ ਜਾ ਰਹੇ ਮੈਚ ਵਿਚ

ਚੇਨਈ ਸੁਪਰ ਕਿੰਗਜ਼ ਨੇ ਗੁਜਰਾਤ ਟਾਈਟਨਜ਼ ਲਈ ਜਿੱਤ ਵਾਸਤੇ 159 ਦੌੜਾਂ ਦਾ ਟੀਚਾ ਰਖਿਆ ਏ. ਇਸ ਤੋਂ ਪਹਿਲਾਂ ਗੁਜਰਾਤ ਟਾਈਟਨਜ਼ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ. ਇੱਕ ਹੋਰ ਮੈਚ ਵਿੱਚ, ਅੱਜ ਸ਼ਾਮ ਸਾਢੇ 7 ਵਜੇ ਕੋਲਕਾਤਾ ਨਾਈਟ ਰਾਈਡਰਜ਼ ਦਾ ਮੁਕਾਬਲਾ ਲਖਨਊ ਸੁਪਰ ਜਾਇੰਟਸ ਨਾਲ ਲਖਨਊ ਵਿਖੇ ਹੋਏਗਾ.

---------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਕਾਸ਼ਵਾਣੀ 'ਤੇ ਆਪਣੇ ਮਨ ਕੀ ਬਾਤ ਪ੍ਰੋਗਰਾਮ ਵਿੱਚ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹੈ ਕਿ ਸੂਰਜੀ ਤੇ ਪੌਣ ਊਰਜਾ ਭਾਰਤ ਦੇ ਵਿਕਾਸ ਲਈ ਜ਼ਰੂਰੀ ਨੇ.
- ਸਰਕਾਰ ਨੇ ਸਪੱਸ਼ਟ ਕੀਤਾ ਏ ਕਿ ਕੁਝ ਖੇਤਰਾਂ ਵਿੱਚ ਮੌਸਮ ਨਾਲ ਸਬੰਧਤ ਚੁਣੌਤੀਆਂ ਦੇ ਬਾਵਜੂਦ, ਦੇਸ਼ ਵਿੱਚ ਕਣਕ ਦਾ ਉਤਪਾਦਨ ਢੁੱਕਵਾਂ ਬਣਿਆ ਹੋਇਆ ਏ।
- ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦਾ ਤਿੰਨ ਦਿਨਾਂ ਰਾਸ਼ਟਰੀ ਚਿੰਤਨ ਸ਼ਿਵਿਰ ਅੱਜ ਚੰਡੀਗੜ੍ਹ ਵਿੱਚ ਸਮਾਪਤ ਹੋਇਆ.
- ਦੁਨੀਆ ਦੇ 100 ਸਭ ਤੋਂ ਗਰਮ ਸ਼ਹਿਰਾਂ ਵਿੱਚੋਂ 95 ਭਾਰਤ ਵਿਚ.

- ਭਾਰਤੀ ਮੌਸਮ ਵਿਭਾਗ ਨੇ ਕਲ੍ਹ ਤਕ ਪੰਜਾਬ, ਹਰਿਆਣਾ, ਤੇ ਚੰਡੀਗੜ੍ਹ, ਵਿੱਚ ਲੂ ਚਲਣ ਦੀ ਪੇਸ਼ੀਨਗੋਈ ਕੀਤੀ ਏ .
- IPL ਕ੍ਰਿਕੇਟ'ਚ ਅੱਜ ਸ਼ਾਮੀਂ ਸਾਢੇ 7 ਵਜੇ ਕੋਲਕਾਤਾ ਨਾਈਟ ਰਾਈਡਰਜ਼ ਦਾ ਮੁਕਾਬਲਾ ਲਖਨਊ ਸੁਪਰ ਜਾਇੰਟਸ ਨਾਲ ਹੋਵੇਗਾ।

**ਇਸਦੇ ਨਾਲ ਹੀ ਸਾਡਾ ਇਹ ਬੁਲੇਟਿਨ ਖਤਮ ਹੁੰਦਾ ਏ.**

**ਸਾਡਾ ਅਗਲਾ ਰਾਸ਼ਟਰੀ ਬੁਲੇਟਿਨ**

**ਸ਼ਾਮ ਸਾਢੇ 7 ਵਜੇ ਹੋਏਗਾ**

**ਨਮਸ੍ਕਾਰ**